**ਅਰਮਾਨ (ARMAAN)**
(An International Multidisciplinary, Open Access Peer-Reviewed & Indexed Research Journal)
**Vol. 4 | Issue 1| Jan.-Mar. 2026**

**ISSN: 2583-9446 (O)**
**Paper Published Id: ARMN040123**
Available online at: www.armaan.org.in
DOI: https://doi.org/10.64119/armaan.vol.4.issue1.23

# ਹੁਸੈਨ ਫ਼ਕੀਰ: ਵਿਚਾਰ ਆਸ਼ਿਕ ਤੇ ਇਸ਼ਕ ਦੇ

# Husain Fakeer: Vichar Aashik Te Ishak De

**ਡਾ. ਲਖਵੀਰ ਲੈਜ਼ੀਆ (Dr. Lakhvir Lezia)**
ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ (Assistant Professor, Dept. of Punjabi)
ਪੰਜਾਬ ਕੇਂਦਰੀ ਯੂਨੀਵਰਸਿਟੀ, ਘੁੱਦਾ, ਬਠਿੰਡਾ (ਪੰਜਾਬ)
Email ID: Lezia.lakhvir@gmail.com ਮੋਬਾਈਲ: +91- 75890-88435

**ਸਾਰ (Abstract)**

*ਹਥਲਾ ਖੋਜ-ਪੱਤਰ ਹੁਸੈਨ ਫ਼ਕੀਰ ਦੀ ਕਾਫ਼ੀ 'ਰਾਗੁ ਆਸਾਵਰੀ' ਦੇ ਹਵਾਲੇ ਨਾਲ 'ਆਸ਼ਿਕ' ਅਤੇ 'ਇਸ਼ਕ' ਦੇ ਸੰਕਲਪਾਂ ਦੀ ਨਵੀਂ ਵਿਆਖਿਆ ਪੇਸ਼ ਕਰਦਾ ਹੈ। ਹੁਸੈਨ ਫ਼ਕੀਰ ਇਸ ਰਚਨਾ ਵਿੱਚ ਮਹਿਜ਼ ਅਧਿਆਤਮਿਕ ਰਮਜ਼ਾਂ ਹੀ ਨਹੀਂ ਛੇੜਦਾ, ਸਗੋਂ ਸਮੁੱਚੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਨਿਜ਼ਾਮ ਨੂੰ ਇੱਕ ਸਿੱਧੀ ਵੰਗਾਰ ਪਾਉਂਦਾ ਹੈ। ਇਸ ਪੇਪਰ ਵਿੱਚ ਇਹ ਦਰਸਾਇਆ ਗਿਆ ਹੈ ਕਿ ਹੁਸੈਨ ਲਈ 'ਇਸ਼ਕ' ਕੋਈ ਨਿੱਜੀ ਭਾਵਨਾ ਨਹੀਂ, ਸਗੋਂ ਮੌਜੂਦਾ ਸੱਤਾ ਅਤੇ ਵੰਡੀਆਂ ਪਾਉਣ ਵਾਲੀ ਵਿਵਸਥਾ ਦੇ ਵਿਰੁੱਧ ਇੱਕ ਜਨੂੰਨ ਅਤੇ 'ਨਾਬਰ' ਹੋ ਜਾਣ ਵਾਲੀ ਲਗਨ ਹੈ। ਲੇਖਕ ਆਸ਼ਿਕ ਅਤੇ ਸ਼ੇਖ ਦੇ ਕਿਰਦਾਰਾਂ ਰਾਹੀਂ ਇੱਕ ਵੱਡਾ ਵਿਚਾਰਧਾਰਕ ਟਕਰਾਅ ਸਿਰਜਦਾ ਹੈ; ਜਿੱਥੇ 'ਸ਼ੇਖ' (ਧਾਰਮਿਕ ਆਗੂ) ਬਾਹਰੀ ਪਾਕੀਜ਼ਗੀ ਦੇ ਉਹਲੇ ਅੰਦਰੂਨੀ ਆਲੂਦਗੀ (ਮੈਲ) ਨੂੰ ਛੁਪਾਈ ਬੈਠਾ ਹੈ, ਉੱਥੇ 'ਆਸ਼ਿਕ' ਇਸ਼ਕ ਦੀ ਕਮਾਈ ਰਾਹੀਂ ਅੰਦਰੋਂ-ਬਾਹਰੋਂ ਇੱਕ-ਮਿਕ ਹੋ ਕੇ ਨਵੀਂ ਵਿਵਸਥਾ ਦੀ ਸਿਰਜਣਾ ਕਰਦਾ ਹੈ। ਇਸ਼ਕ ਦੇ ਰਾਹ ਨੂੰ 'ਸੂਈ ਦੇ ਨੱਕੇ' ਵਾਂਗ ਬਰੀਕ ਅਤੇ ਕਠਿਨ ਦੱਸ ਕੇ ਫ਼ਕੀਰ ਇਹ ਸਪਸ਼ਟ ਕਰਦਾ ਹੈ ਕਿ ਸੱਚਾ ਰੁਤਬਾ ਜਾਂ 'ਮਰਾਤਬਾ' ਕੇਵਲ ਦੁਨਿਆਵੀ ਨਿਜ਼ਾਮ ਤੋਂ 'ਫ਼ਾਰਗ' ਹੋ ਕੇ ਅਤੇ ਪਾਖੰਡ ਦਾ ਤਿਆਗ ਕਰਕੇ ਹੀ ਹਾਸਿਲ ਕੀਤਾ ਜਾ ਸਕਦਾ ਹੈ। ਅੰਤ ਵਿੱਚ, ਇਹ ਅਧਿਐਨ ਹੁਸੈਨ ਫ਼ਕੀਰ ਦੇ ਇਨਕਲਾਬੀ ਸੁਭਾਅ ਅਤੇ ਉਸ ਦੀ ਮਨੁੱਖੀ ਬਰਾਬਰੀ ਵਾਲੀ ਸੋਚ ਨੂੰ ਉਜਾਗਰ ਕਰਦਾ ਹੈ।*

*ਕੀਵਰਡ (Keyword): ਆਸ਼ਿਕ, ਇਸ਼ਕ, ਫ਼ਲਸਫ਼ਾ, ਵਿਵਸਥਾ, ਸਮਾਜ, ਰੁਤਬਾ, ਨਾਬਰ, ਸ਼ੇਖ, ਨਿਜ਼ਾਮ, ਆਲੂਦਾ, ਫ਼ਾਰਗ, ਮਰਾਤਬਾ।*

***ਰਾਗੁ ਆਸਾਵਰੀ***

*ਆਸ਼ਿਕ ਹੋਵੈਂ ਤਾਂ ਇਸ਼ਕ ਕਮਾਵੈਂ ।ਰਹਾਉ।*
*ਰਾਹ ਇਸ਼ਕ ਦਾ ਸੂਈ ਦਾ ਨੱਕਾ, ਧਾਗਾ ਹੋਵੇ ਤਾਂ ਜਾਵੈਂ।।*
*ਬਾਹਿਰ ਪਾਕਿ ਅੰਦਰ ਆਲੂਦਾ, ਕੇਹਾ ਤੂੰ ਸ਼ੇਖ ਕਹਾਵੈਂ।।*
*ਕਹੈ ਹੁਸੈਨ ਜੇ ਫ਼ਾਰਗ ਥੀਵੈਂ, ਤਾਂ ਖਾਸ ਮੁਰਾਤਬਾ ਪਾਵੈਂ।।*[1]

ਇਹ ਕਾਫ਼ੀ ਰਾਗ ਆਸਾਵਰੀ 'ਚ ਲਿਖੀ ਗਈ ਏ। ਇਹ ਤਿਆਗ ਤੇ ਵਿਯੋਗ ਵਾਲਾ ਰਾਗ ਹੈ। ਰਾਗ ਆਸਾਵਰੀ *ਹਿੰਦੁਸਤਾਨੀ ਸ਼ਾਸਤਰੀ ਸੰਗੀਤ* ਦਾ ਇਕ ਬਹੁਤ ਮਧੁਰ ਅਤੇ ਲੋਕਪ੍ਰਿਯ ਰਾਗ ਹੈ। ਸੰਗੀਤ ਦੇ ਇਕ ਪ੍ਰਚੀਨ ਗ੍ਰੰਥ 'ਚੰਦ੍ਰਿਕਾਸਾਰ' ਵਿੱਚ ਰਾਗ ਆਸਾਵਰੀ ਦਾ ਵਰਣਨ ਹੈ।

ਇਸ ਕਾਫ਼ੀ ਵਿੱਚ ਹੁਸੈਨ ਫ਼ਕੀਰ ਨੇ ਆਸ਼ਿਕ ਤੇ ਇਸ਼ਕ ਦਾ ਜ਼ਿਕਰ ਕੀਤਾ ਏ। *"ਆਸ਼ਿਕ ਹੋਵੈ"* ਆਸ਼ਿਕ ਹੋਣਾ ਪੈਂਦਾ ਏ ਆਸ਼ਿਕ ਹੋਣ ਤੇ ਬਣਨ ਲਈ ਆਸ਼ਿਕ ਵਾਲੇ ਕੰਮ ਕਰਨੇ ਪੈਂਦੇ ਹਨ। ਹੁਸੈਨ ਫ਼ਕੀਰ ਆਸ਼ਿਕ ਦੀ ਰਮਜ਼ ਦਾ ਭੇਦ ਦੱਸਦੇ ਹਨ, *"ਆਸ਼ਿਕ ਹੋਵੈ ਤਾਂ ਇਸ਼ਕ ਕਮਾਵੈ"* ਆਸ਼ਿਕ ਤੇ ਇਸ਼ਕ ਦੋਵਾਂ 'ਚ ਇੱਥੇ "ਤਾਂ" ਇੱਕ ਦਸ਼ਾ, ਸਥਿਤੀ, ਹਾਲਤ, ਹੈਸੀਅਤ ਸ਼ਰਤ ਤੇ ਵਚਨ ਏ ਕਿ ਜੇ ਆਸ਼ਿਕ ਹੋਵੇਗਾ *"ਤਾਂ"* ਇਸ਼ਕ ਕਮਾਵੇਗਾ। ਆਸ਼ਿਕ ਹੋਣਾ ਸੁਖਾਲਾ ਨਹੀਂ।

ਆਸ਼ਿਕ ਦਾ ਰਸਤਾ ਦੁਨੀਆਂ ਤੋਂ ਵੱਖਰਾ ਅਤੇ ਸਮਾਜ ਦੇ ਉਲਟ ਏ। ਆਸ਼ਿਕ ਸਮਾਜ ਦੇ ਬਣਾਏ ਹੋਏ ਰਾਹਾਂ 'ਤੇ ਨਹੀਂ ਚੱਲਦਾ। ਆਸ਼ਿਕ ਦਾ ਆਪਣਾ ਰਾਹ ਏ, *"ਹੰਝੂ ਰੋਂਦਾ ਹਰ ਕੋਈ ਆਸ਼ਿਕ ਰੋਂਦੇ ਰੱਤਿ ਨੀ"* ਆਸ਼ਿਕ ਦੁਨੀਆਂਦਾਰੀ ਵਾਂਗ ਹੰਝੂ ਨਹੀਂ ਰੋਂਦੇ ਭਾਵ ਉਹ ਜ਼ਬਰ-ਜ਼ੁਲਮ ਸਹਿਣ ਨਹੀਂ ਕਰਦੇ। ਹੰਝੂ ਰੱਤਿ ਰੋਂਦੇ ਹਨ। ਆਸ਼ਿਕ ਦੇ ਨੈਣਾਂ ਵਿੱਚੋਂ ਰੱਤਿ ਡਿੱਗਦਾ ਏ। ਆਸ਼ਿਕ ਦੇ ਨੈਣ ਹੰਝੂਆਂ ਦੀ ਥਾਂ ਰੋਸ, ਰੋਹ ਅਤੇ ਵਿਦਰੋਹ ਨਾਲ ਭਰੇ ਰਹਿੰਦੇ ਹਨ। ਆਸ਼ਿਕ ਆਪਣਾ-ਆਪਾ ਵਾਰ ਕੇ, ਨਿਸ਼ਾਵਰ ਕਰਕੇ ਆਪਣੀ ਹਾਓਮੈਂ ਨੂੰ ਖ਼ਤਮ ਕਰਕੇ, ਸਵੈ ਨੂੰ ਸਾਧ ਤੇ ਸੋਧ ਕੇ ਅੰਦਰ ਇਸ਼ਕ ਜਗਾਉਂਦਾ ਏ।

*"ਆਸ਼ਿਕ ਹੋਵੈ ਤਾਂ ਇਸ਼ਕ ਕਮਾਵੈ"* ਇੱਥੇ ਪਹਿਲੀ ਸ਼ਰਤ ਆਸ਼ਿਕ ਹੋਣ ਲਈ ਰਸਤਾ ਚੁਣਨ ਦੀ ਹੈ। ਆਸ਼ਿਕ ਕੋਈ ਜਨਮ-ਜ਼ਾਤ ਨਹੀਂ ਹੁੰਦਾ, ਸਗੋਂ ਆਸ਼ਿਕ ਬਣਨਾ ਪੈਂਦਾ ਏ। ਬੰਦਾ ਹਰ ਪਲ, ਛਿਨ, ਘੜੀ ਕੁਝ ਨਾ ਕੁਝ ਹੁੰਦਾ ਏ। ਬਦਲਦਾ ਏ ਪ੍ਰਕਿਰਤੀ, ਕਾਇਨਾਤ ਸਭ ਬਦਲਦੀ ਏ। ਇਸ ਵਿੱਚ ਕਦੋਂ ਕੋਈ ਐਸਾ ਰਸਤਾ ਚੁਣਿਆ ਜਾਵੇ, ਅਜਿਹੀ ਹਨੇਰੀ ਝੁੱਲੇ ਕਿ ਕੋਈ ਆਸ਼ਿਕ ਬਣ ਖ਼ਲੋਵੇ।

ਆਸ਼ਿਕ ਕਿਸ ਲਈ ਅਤੇ ਕਿਉਂ ਬਣਨਾ ਏ? ਆਸ਼ਿਕ ਆਪਣੇ ਲਈ ਨਹੀਂ ਬਣਿਆ ਜਾਂਦਾ। ਇਸ ਲਈ ਆਪਾ ਗਵਾਉਣਾ ਪੈਂਦਾ ਏ। ਆਪਣਾ-ਆਪਾ ਗਵਾ ਕੇ ਤੇ ਮਾਰ ਕੇ ਆਸ਼ਿਕ ਬਣਿਆ ਜਾਂਦਾ ਏ। ਆਸ਼ਿਕ ਦਾ ਰਾਹ ਸੁਖਾਲਾ ਨਹੀਂ, ਸਗੋਂ ਇਸ਼ਕ ਦੇ ਰਾਹ 'ਤੇ ਚੱਲਣਾ ਪੈਂਦਾ ਏ, ਜਿਵੇਂ ਹੁਸੈਨ ਫ਼ਕੀਰ ਆਸ਼ਿਕ ਬਣਨ ਦੀ ਰਮਜ਼ ਖੋਲਦੇ ਹੋਏ ਹਨ। ਆਸ਼ਿਕ ਬਣ ਕੇ ਹੀ ਇਸ਼ਕ ਕਮਾਇਆ ਜਾ ਸਕਦਾ ਹੈ।

ਇਸ਼ਕ ਤੇ ਇਸ਼ਕ ਕਮਾਉਣਾ ਕੀ ਹੈ? ਕਿਵੇਂ ਕਮਾਇਆ ਜਾਂਦਾ ਹੈ ਅਤੇ ਕਿਉਂ ਕਮਾਉਣਾ ਹੈ? ਇਸ਼ਕ ਆਪਣੇ-ਆਪੇ ਦਾ ਅੰਦਰੋਂ ਪ੍ਰਗਟ ਹੋਣਾ ਹੈ। ਇਸ਼ਕ ਅੰਦਰ ਤੇ ਬਾਹਰ ਨੂੰ ਇੱਕ-ਮਿਕ ਕਰਨ ਹੈ। ਇਸ਼ਕ *'ਮੈਂ'* ਤੇ *'ਤੂੰ'* ਦੀ ਹੱਦ ਮਿਟਾ ਦਿੰਦਾ ਏ। ਇਸ ਵਿੱਚ *'ਮੈਂ'* ਨਹੀਂ ਰਹਿੰਦੀ *'ਤੂੰ ਹੀ-ਤੂੰ ਹੀ'* ਦਾ ਅਲਾਪ-ਅਲਾਪਦਾ ਹੈ। ਇਸ਼ਕ ਅੰਦਰਲੀ ਹੋਂਦ ਨੂੰ ਜਗਾਉਂਦਾ ਏ । ਇਸ਼ਕ ਮਾਰਦਾ ਏ ਮਨੁੱਖ ਦੀ ਹਉਮੈ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ। ਇਸ਼ਕ ਸਿਰਜਨਾਤਮਕਤਾ ਹੈ। ਆਪਣੇ-ਆਪੇ ਵਿੱਚੋਂ ਖ਼ੁਦਾਈ ਨੂੰ ਪ੍ਰਗਟ ਕਰਨ ਦੀ।

*ਅੱਵਲ ਹਮਦ ਖ਼ੁਦਾਇ ਦਾ ਵਿਰਦ ਕੀਜੈ, ਇਸ਼ਕ ਕੀਤਾ ਸੁ ਜੱਗ ਦਾ ਮੂਲ ਮੀਆਂ।*
*ਪਹਿਲੇ ਆਪ ਈ ਰੱਬ ਨੇ ਇਸ਼ਕ ਕੀਤਾ, ਮਾਸ਼ੂਕ ਹੈ ਨਬੀ ਰਸੂਲ ਮੀਆਂ।*
*ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ, ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ।*
*ਖਿਲੇ ਤਿਨ੍ਹਾਂ ਦੇ ਬਾਗ਼ ਕਲੂਬ ਅੰਦਰ, ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।*[2]

ਇਸ਼ਕ ਕਮਾਉਣ ਖਾਤਿਰ ਕੱਚਿਆਂ 'ਤੇ ਤਰਨਾ, ਥਲਾਂ ਵਿੱਚ ਸੜਨਾ, ਜਿਊਂਦੇ-ਜੀਅ ਖੱਲਾਂ ਉਤਰਾਉਣੀਆਂ, ਸੂਲੀ-ਕਬੂਲ ਕਰਨੀ ਤੱਤੀ-ਤਵੀ 'ਤੇ ਬੈਠਣਾ, ਦੇਸ਼, ਧਰਮ ਤੇ ਕੌਮ ਲਈ ਸਿਰ ਵਾਰਨਾ, ਚਰਖੜੀਆਂ 'ਤੇ ਚੜਨਾ, ਆਰਿਆਂ ਨਾਲ ਆਪਣਾ-ਆਪਾ ਚਿਰਾਉਣਾ, ਉਬਲੀਆਂ ਦੇਗਾਂ ਵਿੱਚ ਉਬਾਲਿਆ ਜਾਣਾ, ਟੋਟੇ-ਟੋਟੇ ਕਰਵਾਉਣਾ, ਘਰ, ਪਰਿਵਾਰ ਅਤੇ ਸਰਬੰਸ ਵਾਰ ਕੇ ਇਸ਼ਕ ਕਮਾਇਆ ਜਾਂਦਾ ਏ। ਇਸ਼ਕ ਕੁੱਲ ਲੋਕਾਈ ਖਾਤਿਰ ਆਪਣਾ-ਆਪਾ ਵਾਰਨ ਹੈ। ਇਸ਼ਕ ਦਿਲ ਦਾ ਸੋਗ ਤੇ ਵਿਯੋਗ ਹੈ। ਇਸ਼ਕ ਕੀ ਹੈ? *"ਲੱਗਾ ਇਸ਼ਕ ਚੁੱਕੀ ਮਸਲਾਹਤ ਬਿਸਰੀਆਂ ਪੰਜੇ ਸੱਤੇ"* [3] ਇਸ਼ਕ ਦੁਨੀਆਂਦਾਰੀ ਦੇ ਸਾਰੇ ਕਰਮਕਾਂਡ ਭੁਲਾ ਦਿੰਦਾ ਏ। ਇਸ਼ਕ ਸਾਹਮਣੇ ਸਿਰਫ਼ ਆਸ਼ਿਕ, ਮਖ਼ਲੂਕ, ਖ਼ਲਕਤ ਅਤੇ ਖਾਲਕ ਏ ਬਾਕੀ ਦੁਨੀਆਦਾਂਰੀ ਸਭ ਕੂੜ ਹੈ।

*ਰਾਹ ਇਸ਼ਕ ਦਾ ਸੂਈ ਦਾ ਨੱਕਾ, ਧਾਗਾ ਹੋਵੈ ਤਾਂ ਜਾਵੇ।।*

ਹੁਸੈਨ ਫ਼ਕੀਰ ਨੇ ਪਹਿਲਾਂ ਆਸ਼ਿਕ ਹੋਣ ਦਾ ਜ਼ਿਕਰ ਕੀਤਾ। ਫਿਰ ਇਸ਼ਕ ਕਮਾਵਣ ਲਈ ਕਹਿ ਰਿਹਾ ਏ। ਹੁਣ ਉਸ ਨੇ ਇਸ਼ਕ ਦਾ ਰਾਹ ਵੀ ਦੱਸ ਦਿੱਤਾ। ਇਸ਼ਕ ਦਾ ਰਾਹ ਹੀ ਨਹੀਂ ਦੱਸਿਆ, ਸਗੋਂ ਇਹ ਵੀ ਦੱਸ ਰਹੇ ਹਨ ਕਿ ਇਸ਼ਕ ਦੇ ਰਾਹ, ਪੈਂਡੇ ਅਤੇ ਰਸਤੇ ਉੱਤੇ ਚੱਲਣਾ ਕਿਵੇਂ ਹੈ? ਚੱਲਣ ਦਾ ਢੰਗ ਕੀ ਹੈ? ਚੱਲਣ ਲਈ ਕੀ ਕਰਨਾ ਪਏਗਾ? ਇਕੋ-ਇਕ ਪੰਕਤੀ ਵਿੱਚ ਉਹਨਾਂ ਨੇ ਇਹ ਸਾਰਾ ਕੁਝ ਦੱਸ ਦਿੱਤਾ।

ਸਭ ਤੋਂ ਪਹਿਲਾਂ ਇਸ਼ਕ ਦਾ ਰਾਹ ਏ *"ਰਾਹ ਇਸ਼ਕ ਦਾ ਸੂਈ ਦਾ ਨੱਕਾ"* ਉਹਨਾਂ ਨੇ ਸੂਈ ਅਤੇ ਸੂਈ ਦੇ ਨੱਕੇ ਨੂੰ ਪ੍ਰਤੀਕ ਵਜੋਂ ਚੁਣਿਆ। ਸੂਈ ਵੀ ਬਰੀਕ, ਪਤਲੀ, ਛੋਟੀ ਤੇ ਨੱਕਾ ਉਸ ਤੋਂ ਵੀ ਛੋਟਾ ਜਿਹਾ ਛੇਦ ਏ। ਇਹ ਛੇਦ, ਨੱਕਾ ਹੀ ਅਸਲ ਵਿੱਚ ਇਸ਼ਕ ਦਾ ਰਾਹ ਹੈ। ਹੁਸੈਨ ਫ਼ਕੀਰ ਦੀ ਨਜ਼ਰ, ਰਮਜ਼ ਤੇ ਅੰਦਾਜ਼-ਏ- ਬਿਆਨ ਕਿਉਂ ਸੂਈ ਨੂੰ ਚੁਣ ਰਿਹਾ ਹੈ? ਜਦਕਿ ਇਸ਼ਕ ਦਾ ਰਾਹ ਤਾਂ ਡਾਢਾ ਏ ਬਲਕਿ ਡਾਢਾ ਬੇਪਰਵਾਹੀ ਦਾ ਰਾਹ ਏ। ਇਸ ਡਾਢੇ ਰਾਹ ਲਈ ਹੁਸੈਨ ਨਿਮਾਣਾ ਸੂਈ ਦੀ ਟੇਕ ਲੈ ਰਿਹਾ ਏ। ਸੂਈ ਕੀ ਏ ਅਤੇ ਇਸ ਦਾ ਕਾਰਜ ਕੀ ਹੈ?

ਸੂਈ ਦੀ ਨੋਕ ਤਿੱਖੀ ਏ। ਸੂਈ ਜਿੰਨੀ ਤਿੱਖੀ ਏ ਇਸ ਦੀ ਚੋਭ, ਚੁਭਣ, ਸੂਲ, ਓਨੀ ਹੀ ਪੀੜਾ ਦਾਇਕ ਵੀ ਹੈ। ਸੂਈ ਦਾ ਕੰਮ ਕੀ ਹੈ? ਸੂਈ ਦਾ ਕੰਮ ਲੋਕਾਈ, ਆਮ-ਜਨ ਤੇ ਸਮੁੱਚੀ ਖ਼ਲਕਤ ਨੂੰ ਜੋੜਨਾ ਏ। ਸੂਈ ਕੱਟੇ ਅਤੇ ਪਾਟੇ ਹੋਇਆਂ ਨੂੰ ਜੋੜਨ ਦਾ ਕੰਮ ਕਰਦੀ ਏ। ਬਾਬਾ ਫ਼ਰੀਦ ਵੀ ਸੂਈ ਰੱਖਦਾ ਏ ਕੈਂਚੀ ਨਹੀਂ ਕਿਉਂ ਜੋ ਸੂਈ ਕੱਟੇ ਤੇ ਫ਼ਟੇ ਹੋਏ ਨੂੰ ਜੋੜਨ ਦਾ ਕੰਮ ਕਰਦੀ ਏ। ਜੋੜਨਾ ਤੇ ਜੁੜਨਾ ਇਹੀ ਇਸ਼ਕ ਹੈ। ਇਸ਼ਕ ਪਹਿਲਾਂ ਤੋੜਦਾ ਏ। ਦੂਸਰਿਆਂ ਤੋਂ ਵਿੱਥ ਸਥਾਪਿਤ ਕਰਦਾ ਏ। ਇਹ ਵਿੱਥ ਬੰਦੇ ਨੂੰ ਆਪਣੇ-ਆਪੇ ਨਾਲ ਜੋੜਦੀ ਏ। ਜੋੜਨ ਦਾ ਇਹ ਸਿਲਸਿਲਾ ਬੰਦੇ ਦਾ ਹਮੇਸ਼ਾ ਹੀ ਆਪਣੇ-ਆਪੇ ਤੋਂ ਸ਼ੁਰੂ ਹੁੰਦਾ ਏ। ਆਪੇ ਨਾਲ ਜੁੜਨ ਤੋਂ ਬਾਅਦ ਇਹ ਦੁਨੀਆਂਦਾਰੀ ਤੋਂ ਉਲਟ ਹੋ ਕੇ ਚੱਲਦਾ ਏ। ਜੁੜ ਉਹੀ ਸਕਦਾ ਏ ਜਿਹੜਾ ਸੂਈ ਦੇ ਨੱਕੇ ਵਿੱਚੋਂ ਦੀ ਨਿਕਲੇਗਾ।

ਹੁਸੈਨ ਫ਼ਕੀਰ ਅਨੁਸਾਰ, *"ਰਾਹ ਇਸ਼ਕ ਦਾ ਸੂਈ ਦਾ ਨੱਕਾ, ਧਾਗਾ ਹੋਵੇ ਤਾਂ ਜਾਵੈ"* ਸੂਈ ਦੇ ਨੱਕੇ ਵਿੱਚੋਂ ਨਿਕਲਣ ਦੀ ਸ਼ਰਤ ਏ ਕਿ ਜੇਕਰ ਧਾਗਾ ਹੋਵੇਗਾ ਤਾਂ ਜਾਵੇਗਾ। ਧਾਗਾ ਸੂਈ ਦੇ ਨੱਕੇ ਤੋਂ ਵੀ ਵੱਧ ਬਰੀਕ ਏ। ਇਹ ਸ਼ਰਤ ਪਹਿਲੀ ਸ਼ਰਤ ਨਾਲੋਂ ਵੀ ਮੁਸ਼ਕਿਲ ਤੇ ਔਖੀ ਏ। ਬਿਖੜਾ ਪੈਂਡਾ ਏ, *"ਔਖੀ ਘਾਟੀ ਬਿਖੜਾ ਪੈਂਡਾ"* ਜੋੜਨ, ਕੱਪੜੇ ਨੂੰ ਸਿਉਣ ਅਤੇ ਡਿਜ਼ਾਈਨ ਲਈ ਧਾਗਾ ਅਤਿ ਜ਼ਰੂਰੀ ਏ। ਸੂਈ ਜੋੜਨ ਵਾਲੀ ਏ ਤੇ ਧਾਗਾ ਸਿਉਣ ਅਤੇ ਪ੍ਰੋਣ ਵਾਲਾ। ਪ੍ਰੋਣਾ ਕੀ ਏ?ਪ੍ਰੋਣਾ ਧਾਗੇ ਵਿੱਚ ਸਮਾਜ ਅਤੇ ਸਮਾਜ ਦੇ ਲੋਕਾਂ ਨੂੰ ਏ। ਨਵੀਂ ਵਿਵਸਥਾ ਦੀ ਸਿਰਜਣਾ ਹੈ। ਇਹ ਸਿਰਜਣਾ ਆਸ਼ਕਾਂ ਨੇ ਕਰਨੀ ਏ। ਆਸ਼ਕਾਂ ਨੇ ਇਸ਼ਕ ਨਾਲ ਸੰਪੰਨ ਸਮਾਜ ਦੀ ਸਿਰਜਣਾ ਕਰਨੀ ਏ ਪਰ ਸ਼ਰਤ ਏ ਕਿ ਆਸ਼ਿਕ ਨੂੰ ਧਾਗਾ ਬਣਨਾ ਪਵੇਗਾ।

ਧਾਗਾ ਕੱਪੜੇ ਦੇ ਉਤਪਾਦਨ ਲਈ ਰੂੰ ਤੋਂ ਤਿਆਰ ਕੀਤਾ ਜਾਣ ਵਾਲਾ ਅੰਤਿਮ ਕਿਰਤ, ਨਿਰਮਾਣ, ਕਲਾਕ੍ਰਿਤ ਏ। ਕਪਾਹ ਦੀ ਫ਼ਸਲ ਤੋਂ ਰੂੰ ਤਿਆਰ ਹੁੰਦਾ ਏ। ਰੂੰ ਨੂੰ ਵੇਲਣ ਦੁਆਰਾ ਪਿੰਜਿਆ ਜਾਂਦਾ ਏ। ਭਾਵ ਉਸ ਨੂੰ ਸਾਫ਼ ਕੀਤਾ ਜਾਂਦਾ ਏ ਕਿ ਉਸ ਵਿੱਚ ਕਿਸੇ ਤਰ੍ਹਾਂ ਦਾ ਕੋਈ ਕਣ, ਰੋੜ, ਰੇਤਾ ਆਦਿ ਨਾ ਰਹੇ। ਇਸ ਨੂੰ ਪਿੰਜ ਕੇ ਫਿਰ ਇਸ ਤੋਂ ਪੂਣੀਆਂ ਬਣਾਈਆਂ ਜਾਂਦੀਆਂ ਨੇ। ਪੂਣੀਆਂ ਨੂੰ ਫਿਰ ਚਰਖੇ ਉੱਤੇ ਕੱਤ ਕੇ ਔਰਤਾਂ ਧਾਗਾ ਤਿਆਰ ਕਰਦੀਆਂ ਨੇ। ਧਾਗਾ ਤਿਆਰ ਹੋਣ ਦਾ ਇਹ ਸਾਰਾ ਚਰਨ ਤੇ ਪੜਾਅ ਆਸ਼ਿਕ ਹੋਣ ਦਾ ਏ, ਜਦੋਂ ਆਸ਼ਿਕ ਧਾਗਾ ਬਣ ਗਿਆ ਤਾਂ ਉਹ ਇਸ਼ਕ ਦੇ ਰਾਹ 'ਤੇ ਪੈਂਦਾ ਹੈ। ਇਸ਼ਕ ਦੇ ਮਾਰਗ 'ਤੇ ਆਸ਼ਿਕ ਨੇ ਆਪ ਵੀ ਜੁੜਨਾ ਏ ਤੇ ਜੋੜਨਾ ਵੀ ਹੈ। ਸੂਈ ਦੇ ਨੱਕੇ ਵਿੱਚ ਆਸ਼ਿਕ ਨਿਕਲੇਗਾ ਤਾਂ ਉਹ ਧਾਗਾ ਬਣੇਗਾ। ਧਾਗਾ ਬਣ ਕੇ ਉਹ ਆਪ ਵੀ ਦੂਸਰਿਆਂ ਨਾਲ ਤੇ ਦੂਸਰਿਆਂ ਨੂੰ ਵੀ ਆਪਸ ਵਿੱਚ ਜੋੜ ਕੇ ਇੱਕ ਕਰੇਗਾ। ਇੱਕ ਹੋਣਾ ਤੇ ਇੱਕ ਕਰਨਾ ਹੀ ਆਸ਼ਿਕ ਦਾ ਇਸ਼ਕ ਹੈ। ਜੋੜਨ ਦਾ ਕੰਮ ਫ਼ਕੀਰ ਕਰਦੇ ਸਨ। ਇਹੀ ਫ਼ਕੀਰੀ ਦੀ ਰਮਜ਼ ਹੈ। ਗੁਰਬਾਣੀ ਵਿੱਚ ਵੀ ਇਸ ਮਾਰਗ ਦਾ ਜ਼ਿਕਰ ਆਉਂਦਾ ਏ,

*ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ।।*
*ਫ਼ਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ।।*[4]

...

*"ਭਗਤਾ ਕੀ ਚਾਲ ਨਿਰਾਲੀ ।।*
*ਚਾਲਾ ਨਿਰਾਲੀ ਭਗਤਾਹ ਕੇਰੀ, ਬਿਖਮ ਮਾਰਗਿ ਚਲਣਾ।।*
*ਲਬੁ ਲੋਭੁ ਅਹੰਕਾਰ ਤਜ ਤ੍ਰਿਸਨਾ, ਬਹੁਤ ਨਾਹੀ ਬੋਲਣਾ।।*
*ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ।।*

*ਗੁਰਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥*
*ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥੧੪॥"* [5]

*ਬਾਹਰ ਪਾਕਿ ਅੰਦਰ ਅਲੂਦਾ, ਕੇਹਾ ਤੂੰ ਸ਼ੇਖ ਕਹਾਵੇ॥*

ਹੁਸੈਨ ਫ਼ਕੀਰ ਇੱਥੇ ਜ਼ਾਹਿਰ ਤੇ ਬਾਤਿਨ ਦਾ ਜ਼ਿਕਰ ਕਰ ਰਹੇ ਸਨ। ਜ਼ਾਹਿਰ ਤੇ ਬਾਤਿਨ ਤੋਂ ਭਾਵ ਅੰਦਰ ਤੇ ਬਾਹਰ ਤੋਂ ਮਨੁੱਖ ਦਾ ਅੰਦਰ-ਬਾਹਰ ਇੱਕ ਨਹੀਂ ਹੈ। ਬਾਹਰ ਪਾਕਿ, ਸਾਫ਼, ਸਾਫ਼-ਸੁਥਰੇ, ਧੋਤੇ, ਚਮਕੇ ਹੋਏ, ਰੇਸ਼ਮੀ ਵਸਤਰ, ਕੱਪੜੇ, ਪਹਿਰਾਵਾ, ਪਾਇਆ ਹੋਇਆ ਏ। ਧਨ ਦੌਲਤ ਇਕੱਠੀ ਕਰਕੇ ਆਪਣਾ-ਆਪਾ ਤੇ ਆਪਣਾ ਘਰ-ਵਾਰ, ਕੋਠੀਆਂ, ਕਾਰਾਂ, ਕਾਰੋਬਾਰ, ਸਾਧਨ, ਸੰਸਾਧਨ ਆਦਿ ਸਭ ਸਜਾਏ ਹੋਏ ਹਨ ਪਰ ਅੰਦਰ ਆਲੂਦਾ ਹੈ ਭਾਵ ਅੰਦਰ ਮੈਲਾ, ਅਪਵਿੱਤਰ, ਗੰਦਗੀ, ਚਿੱਕੜ ਅਤੇ ਕੂੜਾ ਏ, *"ਅੰਦਰ ਤੇਰੇ ਕੂੜਾ ਵਤਿ ਗਇਓ ਮੂਲ ਨਾ ਦਿਤਿਓ ਬਹਾਰੀ"*[6] ਭਰਿਆ ਪਿਆ ਏ ਅੰਦਰ, ਚੋਰੀ, ਯਾਰੀ, ਠੱਗੀ, ਧੋਖੇ, ਫ਼ਰੇਬ ਨਾਲ ਲਿਬਰੇਜ਼ ਏ। ਇਹ ਸਾਰੀ ਬਾਹਰੀ ਦਿਸਣ ਵਾਲੀ ਸਜ-ਸਜਾਵਟ ਲੋਕਾਂ ਦੇ ਖੂਨ-ਪਸੀਨੇ, ਕਮਾਈ, ਕਿਰਤ, ਮਿਹਨਤ ਅਤੇ ਮਜ਼ਦੂਰੀ ਤੋਂ ਖੋਹ-ਖੋਹ ਕੇ ਇਕੱਠੀ ਕੀਤੀ। ਉਸ ਨਾਲ ਤੂੰ ਆਪਣੇ-ਆਪੇ ਨੂੰ ਢਕਿਆ, ਕੱਜਿਆ ਅਤੇ ਸਜਾਇਆ ਹੋਇਆ ਹੈ। ਇਹਨਾਂ ਨਿਮਾਣੇ, ਨਿਤਾਣੇ, ਹੀਣੇ, ਕੰਮੀ, ਕੰਮੀਨ, ਗ਼ਰੀਬ, ਸਮਾਜ ਵੱਲੋਂ ਦੁਰਕਾਰੇ, ਠੁਕਰਾਏ, ਮਜ਼ਲੂਮਾਂ ਨੂੰ, ਲੁੱਟ-ਲੁੱਟ ਕੇ ਤੂੰ, ਆਪਣੇ-ਆਪ ਨੂੰ ਅੰਦਰੋਂ ਕੂੜੇ ਨਾਲ ਭਰ ਕੇ ਬਾਹਰ ਲੋਕਾਂ ਵਿੱਚ ਸ਼ੇਖ ਸਦਾਵਣਾ ਹੈ *"ਕੇਹਾ ਤੂੰ ਸ਼ੇਖ ਸਦਾਵੇ"* ਇੱਥੇ ਹੁਸੈਨ ਫ਼ਕੀਰ ਨੇ ਸ਼ੇਖ 'ਤੇ ਵਿਅੰਗ ਕੱਸਿਆ ਤੇ ਤੰਨਜ਼ ਭਰੀ ਸੈਨਤ ਮਾਰੀ ਹੈ।

ਤੂੰ ਕੇਹਾ ਸ਼ੇਖ ਏ ਜਿਹੜਾ ਅੰਦਰੋਂ-ਬਾਹਰੋਂ ਇੱਕ ਨਹੀਂ, ਠੱਗ, ਚੋਰ, ਲੋਕਾਂ ਨੂੰ ਲੁੱਟਣ, ਠੱਗਣ, ਧੋਖੇ ਅਤੇ ਫ਼ਰੇਬ ਦਾ ਧੰਦਾ ਕਰਦਾ ਹੈ। "ਤੂੰ" ਦੀ ਵਰਤੋ ਹੁਸੈਨ ਫ਼ਕੀਰ ਨੇ ਇੱਥੇ ਇਸ ਤਰ੍ਹਾਂ ਕੀਤੀ ਹੈ ਜਿਵੇਂ ਸ਼ੇਖ ਉਸ ਦੇ ਸਾਹਮਣੇ ਖੜ੍ਹਾ ਜਾਂ ਬੈਠਾ ਹੋਵੇ। *"ਤੂੰ ਕੇਹਾ ਸ਼ੇਖ ਸਦਾਵੇ"* ਪਿਛਲੀ ਕਾਫ਼ੀ ਵਿੱਚ ਉਹ ਕਹਿ ਰਿਹਾ ਹੈ, *"ਅੰਦਰ ਤੇਰੇ ਕੂੜਾ ਵਤਿ ਗਇਓ ਮੂਲ ਨ ਦਿਤਿਓ ਬਹਾਰੀ"* ਇਥੇ ਤੇਰੇ ਵੀ ਇੰਝ ਕਹਿ ਰਿਹਾ ਹੈ ਜਿਵੇਂ ਉਹ ਉਸ ਦੇ ਸਾਹਮਣੇ ਹੋਵੇ।

ਹੁਸੈਨ ਫ਼ਕੀਰ ਨੂੰ ਬੰਦੇ ਦੀ ਅੰਦਰਲੀ ਮੈਲ, ਅਪਵਿੱਤਰ, ਗੰਦਾ, ਚਿੱਕੜ ਭਰਿਆ ਨਹੀਂ, ਸਗੋਂ ਪਾਕਿ-ਸਾਫ਼ ਭਾਉਂਦਾ ਏ। ਹੁਸੈਨ ਦੀ ਨਜ਼ਰ ਵਿਚ ਉਹੀ ਆਸ਼ਿਕ ਏ ਜਿਸ ਦਾ ਅੰਦਰ-ਬਾਹਰ ਇੱਕ ਹੈ। ਪਰ ਇਸ ਸ਼ੇਖ ਦੇ ਬਾਹਰੀ ਕੱਪੜੇ ਸਾਫ਼ ਨੇ, ਬਾਹਰ ਜਿੰਨੇ ਸਾਫ਼ ਨੇ ਅੰਦਰ ਉਸ ਤੋਂ ਕਿਤੇ ਵੱਧ ਮੈਲਾ ਏ।ਬਾਬਾ ਫ਼ਰੀਦ ਜੀ ਵੀ ਰਸਤਾ ਦਿਖਾ ਰਹੇ ਹਨ," *ਗਲੀਏ ਚਿੱਕੜ ਦੂਰ ਕਰ"*, ਇਹਨਾਂ ਗਲੀਆਂ ਦਾ ਸਾਰਾ ਚਿੱਕੜ ਸ਼ੇਖ ਨੇ ਆਪਣੇ ਅੰਦਰ ਇਕੱਠਾ ਕੀਤਾ ਹੋਇਆ ਏ। ਸ਼ੇਖ ਅਜਿਹਾ ਧਾਰਮਿਕ ਆਗੂ ਏ ਜਿਹੜਾ ਬਾਹਰੀ ਕਰਮਕਾਂਡ ਵਿਚ ਗ੍ਰਸਤ ਹੈ। ਸ਼ੇਖ ਦੀ ਪੱਛੀ ਭਾਵ ਮਨ ਰੂਪੀ ਟੋਕਰੀ ਪੁਰਾਣੀ ਤੇ ਰੂੜ ਹੋ ਚੁੱਕੇ ਸੰਸਕਾਰਾਂ ਨਾਲ ਭਰੀ ਪਈ ਏ। ਉਹ ਦੂਸਰਿਆਂ ਨੂੰ ਵੀ ਇਸੇ ਨਾਲ ਭਰ ਰਿਹਾ ਏ। ਇਸ ਲਈ ਹੁਸੈਨ ਫ਼ਕੀਰ ਨੇ ਤੰਨਜ਼ ਤੇ ਵਿਅੰਗ ਕੱਸਿਆ ਏ, *"ਤੂੰ ਕੇਹਾ ਸ਼ੇਖ ਸਦਾਵੇ"* ਗੁਰਬਾਣੀ ਵਿੱਚ ਵੀ ਗੁਰੂ ਨਾਨਕ ਸਾਹਿਬ ਜ਼ਿਕਰ ਕਰਦੇ ਹਨ,

*ਨਾ ਮੈਲਾ ਨਾ ਧੁੰਦਲਾ ਨਾ ਭਗਵਾ ਨਾ ਕੱਚ॥*
*ਨਾਨਕ ਲਾਲੋ ਲਾਲ ਹੈ ਸਚੇ ਰੱਤਾ ਰੱਤ॥*[7]

ਹੁਸੈਨ ਅੰਦਰ ਦੇ ਸਫ਼ਾਈ ਤੇ ਸੱਚ ਦਾ ਮਹੱਤਵ ਦ੍ਰਿੜ ਕਰਵਾਉਂਦੇ ਨੇ।

*ਕਹੈ ਹੁਸੈਨ ਜੇ ਫ਼ਾਰਗ ਥੀਵੈ, ਤਾਂ ਖਾਸ ਮਰਾਤਬਾ ਪਾਵੇ॥*

ਹੁਸੈਨ ਫ਼ਕੀਰ ਤਾਕੀਦ ਕਰ ਰਿਹਾ ਏ ਸ਼ੇਖ ਨੂੰ ਕਿ ਜੇਕਰ ਤੂੰ ਆਪਣੇ-ਆਪ ਨੂੰ ਫ਼ਾਰਗ, ਖਾਲੀ, ਮੁਕਤ ਅਤੇ ਆਜ਼ਾਦ ਕਰੇ ਆਪਣੇ-ਆਪੇ ਤੋਂ ਤਾਂ ਖਾਸ ਮੁਰਾਤਬਾ ਪਾਵੇ। ਖਾਸ ਮੁਰਾਤਬਾ ਖਾਸ ਪਦਵੀ, ਰੁਤਬਾ, ਪੜਾਅ ਪਰ ਇਸ ਦੀ ਵੀ ਸ਼ਰਤ ਹੈ ਤਾਂ ਭਾਵ ਜੇਕਰ ਤੂੰ ਆਪਣੇ-ਆਪ ਨੂੰ ਖਾਲੀ ਕਰੇਗਾ *"ਫ਼ਾਰਗ ਥੀਵੈ"* ਤਾਂ, ਆਪਣੀ ਪੁਰਾਣੀ ਸੰਸਕਾਰਾਂ ਅਤੇ ਰਹਿੰਦ ਖੂੰਦ ਵਾਲੀ ਪੱਛੀ ਬਦਲੇਗਾ ਫੇਰ ਤੈਨੂੰ ਖਾਸ ਪਦਵੀ, ਰੁਤਬਾ ਮਿਲੇਗਾ।

ਇਸ ਦਾ ਅਰਥ ਇਹ ਵੀ ਏ ਕਿ ਹੁਸੈਨ ਦੀ ਨਜ਼ਰ ਵਿੱਚ ਸ਼ੇਖ ਕੋਈ ਰੁਤਬਾ ਨਹੀਂ। ਉਹ ਸਮਾਜ, ਧਰਮ ਅਤੇ ਰਾਜਨੀਤੀ ਵੱਲੋਂ ਬਣਾਏ ਗਏ ਸ਼ੇਖਾਂ ਨੂੰ ਰੱਦ ਕਰਦਾ ਏ ਜਿਹੜੇ ਲੋਕਾਈ ਦਾ ਖੂਨ ਪੀਂਦੇ ਸਨ ਅਤੇ ਅੱਜ ਵੀ ਇੰਝ ਹੀ ਉਹਨਾਂ ਨੂੰ ਲੁੱਟਦੇ, ਠੱਗਦੇ ਅਤੇ ਉਹਨਾਂ 'ਤੇ ਜ਼ਬਰ-ਜ਼ੁਲਮ ਕਰਦੇ ਹਨ। ਹੁਸੈਨ ਲਈ ਇਹ ਵੰਗਾਰ ਤੇ ਵਲਗਣ ਹੈ ਜਿਸ ਪਦਵੀ, ਰੁਤਬੇ ਅਤੇ ਚੌਧਰ ਨੇ ਅੰਦਰ ਨੂੰ ਕੂੜ ਨਾਲ ਭਰਿਆ ਅਤੇ ਮੈਲਾ ਕੀਤਾ ਹੋਇਆ ਏ ਉਸ ਨੂੰ ਅਜਿਹਾ ਰੁਤਬਾ ਅਤੇ ਸਮਾਜ ਨਹੀਂ ਜਚਦਾ। ਹੁਸੈਨ ਅਜਿਹੀ ਸੰਸਥਾ, ਸਮਾਜਿਕਤਾ ਅਤੇ ਧਾਰਮਿਕਤਾ ਜਿਹੜੀ ਬੰਦੇ ਨੂੰ ਬੰਦੇ ਨਾਲੋਂ ਕੱਟਦੀ, ਵੰਡਦੀ, ਤੋੜਦੀ, ਖੰਡਿਤ, ਟੋਟੇ-ਟੋਟੇ ਕਰਦੀ ਏ, ਇਕੱਠੇ ਨਹੀਂ ਹੋਣ ਦਿੰਦੀ ਉਸ ਨੂੰ ਰੱਦ ਕਰਦਾ ਹੋਇਆ ਚਣੌਤੀ ਦਿੰਦਾ ਹੋਇਆ ਵੰਗਾਰਦਾ ਹੈ। ਉਸ ਦੇ ਜੀਵਨ ਦਾ ਟੀਚਾ ਅਸਲ ਵਿੱਚ ਇਸ਼ਕ ਏ। ਉਹ ਸਾਰਿਆਂ ਨੂੰ ਪ੍ਰੇਮ ਤੇ ਇਸ਼ਕ ਦੇ ਧਾਗੇ ਨਾਲ ਹੀ ਸਿਉਣਾ ਚਾਹੁੰਦਾ ਏ ਇਹੀ ਹੁਸੈਨ ਫ਼ਕੀਰ ਦੀ ਨਵੀਂ ਵਿਵਸਥਾ ਹੈ।

ਸ਼ੇਖ ਨੂੰ ਕਿਸ ਤੋਂ ਫ਼ਾਰਗ ਹੋਣ ਲਈ ਕਹਿ ਰਿਹਾ ਏ, *"ਜੇ ਤੂੰ ਫ਼ਾਰਗ ਥੀਵੈ"* ਸ਼ੇਖ ਨੂੰ ਮੱਖੀ ਬਣਨ ਤੇ ਹੋਣ ਤੋਂ ਫ਼ਾਰਗ ਹੋਣ ਲਈ ਕਹਿ ਰਿਹਾ ਹੈ। ਮੱਖੀ ਜਿਹੜੀ ਇਧਰ-ਉਧਰ ਭਿਣ-ਭਿਣ ਕਰਦੀ ਏ। ਉਹਨਾਂ ਨੂੰ ਇਸ ਤੋਂ ਸਿਵਾਏ ਕੁਝ ਯਾਦ ਨਹੀਂ ਤੇ ਹੁਸੈਨ ਫ਼ਕੀਰ ਇੱਕ ਹੋਰ ਕਾਫ਼ੀ 'ਚ ਮੱਖੀ ਤੋਂ ਬਚਣ ਦਾ ਲਾਭ ਬਾਰੇ ਜ਼ਿਕਰ ਕਰਦੇ ਨੇ, '*ਭਲਾ ਹੋਇਆ ਗੁੜ ਮੱਖੀਆਂ ਖਾਦਾ, ਅਸੀਂ ਭਿੰਣਭਿਣ ਤੋਂ ਛੁਟਿਆਸੇ*'[8] ਮੋਰੀਓ ਲੰਘ ਕੇ ਭਿਣਭਿਣ ਕਰਨ ਤੋਂ ਬੱਚ ਗਏ ਹਾਂ। ਹੁਸੈਨ ਦਾ *"ਸੱਜਣਾ ਅਸੀਂ ਮੋਰੀਓ ਲੰਘ ਪਇਆਸੇ"* ਮੋਰੀਓ ਲੰਘਣਾ ਸੂਈ ਦੇ ਨੱਕੇ ਵਿੱਚੋਂ ਲੰਘਣਾ ਵੀ ਏ। ਇਸ ਮੋਰੀ ਦਾ ਰਸਤਾ ਵੀ ਆਸ਼ਿਕ ਤੇ ਇਸ਼ਕ ਦਾ ਰਸਤਾ ਏ। ਹੁਸੈਨ ਆਪਣੇ ਸੱਜਣਾ, ਮਿੱਤਰਾਂ ਅਤੇ ਆਸ਼ਕਾਂ ਨੂੰ ਨਾਲ ਲੈ ਕੇ ਲੰਘਿਆ ਏ। ਇਸ ਰਸਤਿਓ ਲੰਘ ਕੇ ਅਸੀਂ ਮੱਖੀ ਹੋਣ, ਭੀੜ, ਗੁੜ ਖਾਣ ਤੇ ਇਕੱਠਾ ਕਰਨ ਤੋਂ ਬੱਚ ਗਏ ਹਾਂ।

ਮੱਖੀਆਂ ਵਾਸਤਵ ਵਿੱਚ ਸ਼ੋਰ ਪੈਦਾ ਕਰਦੀਆਂ ਹਨ। ਉਹਨਾਂ ਦੀ ਭਿਣਭਿਣ ਪ੍ਰਦੂਸ਼ਿਤ ਅਵਾਜ਼ ਏ ਜਿਹੜੀ ਰੌਲਾ ਪਾਉਂਦੀ ਹੈ। ਰੌਲਾ ਹਮੇਸ਼ਾ ਉਸ ਸ਼ੈਅ ਦਾ ਹੁੰਦਾ ਜਿਹੜੀ ਵਾਧੂ ਪੂੰਜੀ ਅਤੇ ਸਰਮਾਇਆ ਹੈ। ਸਰਮਾਇਆ ਹਮੇਸ਼ਾ ਲੋਕਾਂ ਦੀ ਲੁੱਟ-ਖਸੁੱਟ, ਕਿਰਤ ਦੇ ਸ਼ੋਸ਼ਣ, ਹੱਕ ਮਾਰਨ, ਜੀਵਨ ਖੋਹਣ, ਚੋਰੀ, ਠੱਗੀ, ਧੋਖੇ, ਫ਼ਰੇਬ, ਦਗਾ, ਧਰੋ, ਜ਼ਬਰ-ਜ਼ੁਲਮ ਨਾਲ, ਆਪਣਾ-ਆਪਾ ਤੇ ਜ਼ਮੀਰ ਮਾਰ ਕੇ, ਹਯਾਤੀ ਨੂੰ ਅਰਥਹੀਣ ਕਰਕੇ ਹੀ ਇਕੱਠਾ ਹੁੰਦਾ ਏ। ਇਸ ਅਰਥਹੀਣ ਜੀਵਨ ਤੋਂ ਜਦੋਂ ਉਹ ਅੱਕ-ਥੱਕ ਜਾਂਦੇ ਨੇ ਤਾਂ ਇਹ ਭੀੜ ਮੱਖੀਆਂ ਦੀ ਤਰ੍ਹਾਂ ਇਧਰ ਉਧਰ ਭਿਣਭਿਣ ਕਰਦੀ ਏ। ਸ਼ੇਖ ਇੱਥੇ ਮੱਖੀ ਦੀ ਤਰਾਂ ਭਿਣ-ਭਿਣ ਕਰਦਾ ਹੈ। ਪਦਾਰਥ ਅਤੇ ਗੁੜ ਦੁਆਲੇ ਘੁੰਮਦਾ ਹੈ। ਪਦਾਰਥਕ ਵਸਤਾਂ ਦੀ ਗਿਰਫ਼ਤ 'ਚ ਗ੍ਰਸਤ ਹੈ।

ਇਸ ਲਈ ਹੁਸੈਨ ਫ਼ਕੀਰ ਸ਼ੇਖ਼ ਨੂੰ *ਫ਼ਾਰਗ ਥੀਵੈਂ* ਭਾਵ ਇਹਨਾਂ ਕਰੂਰਤਾਵਾਂ ਤੋਂ ਵਿਹਲਾ ਤੇ ਖ਼ਾਲੀ ਹੋਣ ਲਈ ਕਹਿ ਰਿਹਾ ਏ। ਜੇਕਰ ਇਹਨਾਂ ਕੁਰੀਤੀਆਂ ਨੂੰ ਛੱਡ ਦੇਵੇਂਗਾ ਤਾਂ ਤੈਨੂੰ ਖਾਸ ਮੁਰਾਤਬਾ ਮਿਲੇਗਾ ਭਾਵ ਉਹ ਸ਼ੇਖ ਨੂੰ ਆਸ਼ਿਕ ਬਣਾਉਣਾ ਲੋਚਦਾ ਹੈ। ਉਹ ਸਮੁੱਚੇ ਸਮਾਜ ਵਿੱਚ ਇਸ਼ਕ ਦੀ ਸਥਾਪਨਾ ਕਰਨਾ ਲੋਚਦਾ ਹੈ।

ਇਸ ਕਾਫ਼ੀ ਵਿੱਚ ਹੁਸੈਨ ਫ਼ਕੀਰ ਸਮਾਜਿਕ ਪੱਧਰ ਉੱਪਰ ਇੱਕ ਨਵੀਂ ਵਿਵਸਥਾ ਸਥਾਪਿਤ ਕਰਨ ਨੂੰ ਤਰਜੀਹ ਦੇ ਰਿਹਾ ਏ। ਚੱਲ ਰਹੀ ਵਿਵਸਥਾ ਵਿੱਚ ਉਸ ਨੇ ਟਕਰਾਅ ਦਿਖਾਇਆ। ਇਹ ਟਕਰਾਅ ਹੁਸੈਨ ਫ਼ਕੀਰ ਨੇ ਸਿੱਧੇ ਰੂਪ ਵਿੱਚ ਪੇਸ਼ ਕੀਤਾ। ਬਲਕਿ ਵੰਗਾਰਦਾ ਹੋਇਆ ਚੁਣੌਤੀ ਦੇ ਰਿਹਾ ਹੈ ਸਮੁੱਚੇ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਢਾਂਚੇ ਨੂੰ ਜਿਸ ਨੇ ਸਮਾਜ ਨੂੰ ਵੰਡਿਆ, ਤੋੜਿਆ ਅਤੇ ਖੰਡਿਤ ਕੀਤਾ ਹੋਇਆ। ਇਹ ਟਕਰਾਅ ਸਿੱਧਾ-ਸਿੱਧਾ ਆਸ਼ਿਕ ਤੇ ਸ਼ੇਖ ਵਿਚਾਲੇ ਏ। ਆਸ਼ਿਕ ਦਾ ਸਮਾਜ ਇਸ਼ਕ ਦੀ ਸਿਰਜਣਾ ਕਰਦਾ ਏ। ਇਸ਼ਕ ਮਨੁੱਖ ਨੂੰ ਅੰਦਰੋਂ-ਬਾਹਰੋਂ ਇੱਕ-ਮਿਕ ਕਰਦਾ ਹੈ। ਪਰ ਸ਼ੇਖ ਦਾ ਪੰਧ ਅੰਦਰੋਂ-ਬਾਹਰੋਂ ਖੰਡਿਤ ਹੈ। ਇਸ ਲਈ ਉਹ ਸਮਾਜ ਨੂੰ ਵੀ ਤੋੜਦਾ ਤੇ ਖੰਡਿਤ ਕਰਦਾ ਹੈ।

ਹੁਸੈਨ ਅਜਿਹੇ ਸ਼ੇਖ਼ ਨੂੰ ਰੱਦ ਕਰਦਾ ਤੇ ਨਖਿੱਧ ਸਮਝਦਾ ਹੈ। ਉਸ ਦੀ ਬਾਦਸ਼ਾਹਤ ਨੂੰ ਠੁਕਰਾਉਂਦਾ ਹੈ। ਹੁਕਮਰਾਨਾਂ ਦੀਆਂ ਰਜਵਾੜਾਸ਼ਾਹੀਆਂ ਦੀ ਬਣੀ ਹੋਈ ਸਲਤਨਤ ਨੂੰ ਠੋਕਰ ਮਾਰਦਾ ਏ। ਉਸ ਦੀ ਥਾਂ 'ਤੇ ਉਹ ਆਸ਼ਿਕ ਹੋਣ ਦਾ ਸੱਦਾ ਦੇ ਰਿਹਾ ਏ।

ਆਸ਼ਿਕ ਹੋ ਕੇ ਇਸ਼ਕ ਕਮਾਉਣ ਦਾ ਰਾਹ ਵੀ ਵਿਖਾਉਂਦਾ ਏ ਜਿਹੜਾ ਸ਼ੇਖ਼ ਧਰਮ ਅਤੇ ਹੁਕਮਰਾਨ ਦੇ ਰਾਹ ਤੋਂ ਬਿਲਕੁਲ ਉਲਟ ਤੇ ਵੱਖਰਾ ਹੈ।ਇਹ ਰਾਹ ਦੂਸਰਿਆਂ ਨੂੰ ਆਪਣੇ ਨਾਲ ਜੋੜਨ ਦਾ ਹੈ। ਹੁਸੈਨ ਫ਼ਕੀਰ ਦਾ ਸੱਦਾ ਇਸ਼ਕ ਵਾਲੇ ਸਮਾਜ ਦੀ ਸਥਾਪਨਾ ਕਰਨੀ ਲੋਚਦਾ ਹੈ। ਹੁਸੈਨ ਫ਼ਕੀਰ ਦਾ ਇਹ ਮਾਰਗ ਇਸੇ ਲਈ ਸੂਈ ਦੇ ਨੱਕੇ ਵਿਚਲਾ ਮਾਰਗ ਏ ਜਿਸ ਵਿੱਚੋਂ ਧਾਗਾ ਬਣ ਕੇ ਲੰਘਣਾ ਹੈ।ਧਾਗੇ ਨੇ ਸਮੁੱਚੇ ਸਮਾਜ ਨੂੰ ਆਪਸ ਵਿੱਚ ਜੋੜਨਾ ਹੈ। ਇਸੇ ਲਈ *"ਰਾਹ ਇਸ਼ਕ ਦਾ ਸੂਈ ਦਾ ਨੱਕਾ ਧਾਗਾ ਹੋਵੇਂ ਤਾਂ ਜਾਵੇਂ।"*

ਇਉਂ, ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਏ ਕਿ ਇਸ ਕਾਫ਼ੀ ਵਿਚ ਹੁਸੈਨ ਫ਼ਕੀਰ ਨੇ ਨਵੇਂ ਸਮਾਜ ਦੀ ਵਿਵਸਥਾ ਕਰਨ ਦਾ ਮਾਡਲ ਸਿਰਜਿਆ ਏ। ਹੁਸੈਨ ਇਹੋ-ਜਿਹੇ ਸਮਾਜ ਦੀ ਸਿਰਜਣਾ ਕਰਨਾ ਲੋਚਦਾ ਹੈ ਜਿਸ ਵਿੱਚ ਆਸ਼ਕਾਂ ਦਾ ਬਸੇਰਾ ਹੋਵੇ ਤੇ ਇਸ਼ਕ ਦੀ ਵਿਵਸਥਾ। ਇਸ਼ਕ ਦੀ ਇਹ ਵਿਵਸਥਾ ਵਾਸਤਵ ਵਿੱਚ ਬੇਗ਼ਮਪੁਰਾ ਦੀ ਵਿਵਸਥਾ ਹੈ ਜਿਸ ਦਾ ਜ਼ਿਕਰ ਗੁਰਬਾਣੀ ਵਿੱਚ ਵੀ ਮਿਲਦਾ ਹੈ, *"ਬੇਗ਼ਮਪੁਰਾ ਸ਼ਹਿਰ ਕਾ ਨਾਉ"* [9] ਹੁਸੈਨ ਦਾ ਉਹੀ ਇਸ਼ਕ ਹੈ ਜਿਹੜਾ ਭਗਤ ਰਵੀਦਾਸ ਦਾ ਬੇਗ਼ਮਪੁਰਾ, ਬਾਬਾ ਨਾਨਕ ਜੀ ਦੀ ਨਾਮ ਦੀ ਖ਼ੁਮਾਰੀ, ਹੁਸੈਨ ਦਾ ਰਾਂਝਣ ਦਾ ਠਾਣਾ, ਬੁੱਲੇ ਦਾ ਪ੍ਰੇਮ ਨਗਰ ਅਬ ਹਮ ਗੁੰਮ ਹੂਏ ਪ੍ਰੇਮ ਨਗਰ ਮੇਂ, ਦਾ ਏ ਜਿੱਥੇ ਕੋਈ ਭੇਦ-ਭਾਵ, ਭਿੰਨ-ਭਿੰਨਤਾ, ਉੱਚਾ-ਨੀਵਾਂ, ਅਮੀਰ-ਗ਼ਰੀਬ, ਜ਼ਾਤ-ਜ਼ਮਾਤ ਆਦਿ ਨਹੀਂ ਹੈ। ਅੱਜ ਦੇ ਦੌਰ 'ਚ ਇਹਨਾਂ ਬਾਬਿਆਂ ਦੀ ਸਿੱਖਿਆ ਉੱਤੇ ਅਮਲ ਕਰਨਾ ਹੋਰ ਵੀ ਵਧੇਰੇ ਲਾਜ਼ਮੀ ਹੋ ਗਿਆ ਏ ਤਾਂ ਕਿ ਜ਼ਿੰਦਗੀ ਸੁਹਜ ਨਾਲ ਜੀਆ ਜਾ ਸਕੇ, ਜਿਸ ਨੂੰ ਬਾਬਾ ਬੁੱਲੇ ਸ਼ਾਹ ਜੀ ਵੀ ਇੰਝ ਅਮਲ 'ਚ ਲਿਆਵਣ ਦਾ ਢੰਗ ਦੱਸਦੇ ਨੇ,

*ਚੱਲ ਬੁੱਲਿਆ ਚੱਲ ਉਥੇ ਚਲੀਏ, ਜਿੱਥੇ ਸਾਰੇ ਅੰਨੇ।।*
*ਨਾ ਕੋਈ ਸਾਡੀ ਜ਼ਾਤ ਪਛਾਣੇ, ਨਾ ਕੋਈ ਸਾਨੂੰ ਮੰਨੇ।।*[10]

*"ਰਾਹ ਇਸ਼ਕ ਦਾ ਸੂਈ ਦਾ ਨੱਕਾ"* ਇਹ ਉਹੀ ਸੂਈ ਦਾ ਨੱਕਾ ਹੈ ਤੇ ਮੋਰੀ ਹੈ ਜਿਸ ਤੋਂ ਸ਼ਾਹ ਹੁਸੈਨ ਆਪਣੇ ਸੱਜਣਾ ਨੂੰ ਨਾਲ ਲੈ ਕੇ ਮੋਰੀਓ ਲੰਘਿਆ ਸੀ। ਉਹੀ ਉਸ ਦੇ ਸੱਜਣ ਤੇ ਆਸ਼ਿਕ ਸਨ ਜਿਹੜੇ ਇਸ਼ਕ ਕਮਾਵਣ ਲਈ ਤਿਆਰ ਹੋਏ। ਇਹ ਹੋਕਾ ਹੈ ਉਹਨਾਂ ਲਈ ਇਸ ਮਾਰਗ 'ਤੇ ਆਉਣ ਦਾ।

ਅੰਤ ਵਿੱਚ ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਹੁਸੈਨ ਫ਼ਕੀਰ ਦੀ ਇਹ ਕਾਫ਼ੀ ਮਹਿਜ਼ ਇੱਕ ਅਧਿਆਤਮਿਕ ਰਚਨਾ ਨਹੀਂ, ਸਗੋਂ ਸਮਾਜਿਕ ਵੰਡੀਆਂ ਦੇ ਵਿਰੁੱਧ ਇੱਕ ਇਨਕਲਾਬੀ ਹੋਕਾ ਹੈ। ਹੁਸੈਨ ਇੱਥੇ 'ਆਸ਼ਿਕ' ਨੂੰ ਇੱਕ ਅਜਿਹੇ ਕਿਰਦਾਰ ਵਜੋਂ ਪੇਸ਼ ਕਰਦਾ ਹੈ ਜੋ ਹਉਮੈ ਤਿਆਗ ਕੇ 'ਧਾਗਾ' ਬਣਦਾ ਹੈ ਤਾਂ ਜੋ ਪਾਟੇ ਹੋਏ ਸਮਾਜ ਨੂੰ ਸੂਈ ਦੇ ਨੱਕੇ ਵਾਂਗ ਬਾਰੀਕ 'ਇਸ਼ਕ' ਦੇ ਰਾਹ ਰਾਹੀਂ ਮੁੜ ਜੋੜ ਸਕੇ। ਫ਼ਕੀਰ ਨੇ 'ਸ਼ੇਖ' ਦੇ ਬਾਹਰੀ ਪਾਖੰਡ ਨੂੰ ਬੇਪਰਦ ਕਰਦਿਆਂ ਉਸ ਨੂੰ ਦੁਨਿਆਵੀ ਲਾਲਚ ਤੋਂ 'ਫ਼ਾਰਗ' ਹੋਣ ਦੀ ਵੰਗਾਰ ਪਾਈ ਹੈ। ਹੁਸੈਨ ਦਾ ਇਹ ਮਾਰਗ ਬਾਬਾ ਨਾਨਕ ਦੀ ਨਾਮ-ਖ਼ੁਮਾਰੀ ਅਤੇ ਭਗਤ ਰਵੀਦਾਸ ਦੇ 'ਬੇਗ਼ਮਪੁਰਾ' ਵਰਗੀ ਇੱਕ ਅਜਿਹੀ ਨਵੀਂ ਵਿਵਸਥਾ ਦੀ ਸਿਰਜਣਾ ਕਰਦਾ ਹੈ, ਜਿੱਥੇ ਕੋਈ ਭੇਦ-ਭਾਵ ਨਹੀਂ। ਅਜੋਕੇ ਦੌਰ ਦੀਆਂ ਵੰਡੀਆਂ ਨੂੰ ਖ਼ਤਮ ਕਰਨ ਲਈ ਹੁਸੈਨ ਦੀ ਇਹ ਜੋੜਨ ਵਾਲੀ 'ਸੂਈ' ਅਤੇ 'ਇਸ਼ਕ' ਦੀ ਰਮਜ਼ ਅਤਿ ਸਾਰਥਕ ਅਤੇ ਲਾਜ਼ਮੀ ਹੈ।

## ਹਵਾਲੇ ਅਤੇ ਟਿੱਪਣੀਆਂ


1. *ਪ੍ਰੋ. ਹਰਜਿੰਦਰ ਸਿੰਘ ਢਿੱਲੋ, ਸ਼ਾਹ ਹੁਸੈਨ ਕਾਫ਼ੀਆਂ ਤੇ ਚਿੰਤਨ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, ਪੰਨਾ: 174*
2. *ਡਾ. ਜਗਤਾਰ, ਬੁੱਲੇ ਸ਼ਾਹ ਜੀਵਨ ਅਤੇ ਰਚਨਾ, ਯੂਨੀਸਟਾਰ ਬੁੱਕਸ, ਚੰਡੀਗੜ੍ਹ, ਪੰਨਾ: 45*
3. *ਪ੍ਰੋ. ਹਰਜਿੰਦਰ ਸਿੰਘ ਢਿੱਲੋ, ਸ਼ਾਹ ਹੁਸੈਨ ਕਾਫ਼ੀਆਂ ਤੇ ਚਿੰਤਨ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, ਪੰਨਾ: 200*
4. *ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼ਲੋਕ ਭਗਤ ਫ਼ਰੀਦ ਜੀ ਕੇ, ਐਸਜੀਪੀਸੀ, ਅੰਮ੍ਰਿਤਸਰ, ਅੰਗ: 1378*
5. *ਸ੍ਰੀ ਗੁਰੂ ਗ੍ਰੰਥ ਸਾਹਿਬ, ਐਸਜੀਪੀਸੀ, ਅੰਮ੍ਰਿਤਸਰ, ਅੰਗ: 918*
6. *ਪ੍ਰੋ. ਹਰਜਿੰਦਰ ਸਿੰਘ ਢਿੱਲੋ, ਸ਼ਾਹ ਹੁਸੈਨ ਕਾਫ਼ੀਆਂ ਤੇ ਚਿੰਤਨ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, ਪੰਨਾ:78*
7. *ਸ੍ਰੀ ਗੁਰੂ ਗ੍ਰੰਥ ਸਾਹਿਬ, ਐਸਜੀਪੀਸੀ, ਅੰਮ੍ਰਿਤਸਰ, ਅੰਗ: 1089*
8. *ਪ੍ਰੋ. ਹਰਜਿੰਦਰ ਸਿੰਘ ਢਿੱਲੋ, ਸ਼ਾਹ ਹੁਸੈਨ ਕਾਫ਼ੀਆਂ ਤੇ ਚਿੰਤਨ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, ਪੰਨਾ: 177*
9. *ਸ੍ਰੀ ਗੁਰੂ ਗ੍ਰੰਥ ਸਾਹਿਬ, ਐਸਜੀਪੀਸੀ, ਅੰਮ੍ਰਿਤਸਰ, ਅੰਗ: 345*
10. *ਡਾ. ਜਗਤਾਰ, ਬੁੱਲੇ ਸ਼ਾਹ ਜੀਵਨ ਅਤੇ ਰਚਨਾ, ਯੂਨੀਸਟਾਰ ਬੁੱਕਸ, ਚੰਡੀਗੜ੍ਹ, ਪੰਨਾ: 191*

## *Cite this Article-*

*ਡਾ. ਲਖਵੀਰ ਲੈਜ਼ੀਆ (Dr. Lakhvir Lezia), ਹੁਸੈਨ ਫ਼ਕੀਰ: ਵਿਚਾਰ ਆਸ਼ਿਕ ਤੇ ਇਸ਼ਕ ਦੇ (Husain Fakeer: Vichar Aashik Te Ishak De), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 125-129.*

*Journal URL: www.armaan.org.in*

*DOI: https://doi.org/10.64119/armaan.vol.4.issue1.23*

*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/